# ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ
## ਵਿੱਦਿਆ ਭਵਨ, ਈ-ਬਲਾਕ, ਚੌਥੀ ਮੰਜਿਲ,
## ਫੇਜ-8, ਅਜੀਤਗੜ੍ਹ (ਮੋਹਾਲੀ), ਪੰਜਾਬ

ਸੇਵਾ ਵਿਖੇ,

ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.), ਪੰਜਾਬ
ਸਮੂਹ ਮਿਡਲ, ਹਾਈ, ਸੀਨੀਅਰ ਸੈਕੰਡਰੀ ਸਕੂਲ ਮੁਖੀ, ਪੰਜਾਬ (ਵੈਬਸਾਈਟ ਰਾਹੀਂ)

ਮੀਮੋ ਨੰ :- 2014/ਡੀ.ਪੀ.ਆਈ./ਈ-ਪੰਜਾਬਸਕੂਲ/ 005246
ਮਿਤੀ : ਚੰਡੀਗੜ੍ਹ 9../05/2014

ਵਿਸ਼ਾ : **www.epunjabschool.gov.in ਉੱਤੇ ਸਟਾਫ ਸਬੰਧੀ ਜਾਣਕਾਰੀ ਅਪਲੋਡ ਕਰਨ ਬਾਰੇ।**

1) ਸਿੱਖਿਆ ਵਿਭਾਗ, ਪੰਜਾਬ ਵਲੋਂ ਵੈਬ ਪੋਰਟਲ www.epunjabschool.gov.in ਬਣਾਇਆ ਗਿਆ ਹੈ ਅਤੇ ਇਸ ਪੋਰਟਲ ਉੱਤੇ ਹਰੇਕ ਸਮੂਹ ਮੰਡਲ ਸਿੱਖਿਆ ਦਫਤਰ, ਜਿਲ੍ਹਾ ਸਿੱਖਿਆ ਦਫਤਰ, GISTCs/DIETs, ਬਲਾਕ ਪ੍ਰਾਇਮਰੀ ਸਿੱਖਿਆ ਦਫਤਰ ਅਤੇ ਸਮੂਹ ਸਕੂਲਾਂ ਅਧੀਨ ਕੰਮ ਕਰਦੇ ਅਮਲੇ ਦੀ ਜਾਣਕਾਰੀ ਅਪਲੋਡ ਕਰਵਾਈ ਜਾ ਰਹੀ ਹੈ। ਇਹ ਜਾਣਕਾਰੀ ਸਬੰਧਤ ਦਫਤਰ ਅਤੇ ਸਕੂਲਾਂ ਵਲੋਂ ਆਪਣੇ ਪੱਧਰ ਉੱਤੇ ਅਪਲੋਡ ਕਰਵਾਈ ਜਾਵੇਗੀ। ਹਰੇਕ ਅਧਿਆਪਕ / ਕਰਮਚਾਰੀ ਨਿਰਧਾਰਿਤ ਪ੍ਰਫਾਰਮੇ ਵਿਚ ਆਪਣੀ ਜਾਣਕਾਰੀ ਭਰਕੇ ਇਸ ਪੋਰਟਲ ਉੱਤੇ ਸਬੰਧਤ ਦਫਤਰ ਜਾਂ ਸਕੂਲ ਤੋਂ ਅਪਲੋਡ ਕਰਵਾਏਗਾ।

2) ਇਸ ਪੋਰਟਲ ਉੱਤੇ ਜਾਣਕਾਰੀ ਦਰਜ ਕਰਨ ਤੋਂ ਪਹਿਲਾਂ ਸਮੂਹ ਮੰਡਲ ਸਿੱਖਿਆ ਦਫਤਰ, ਜਿਲ੍ਹਾ ਸਿੱਖਿਆ ਦਫਤਰ, GISTCs/DIETs, ਬਲਾਕ ਪ੍ਰਾਇਮਰੀ ਸਿੱਖਿਆ ਦਫਤਰ ਅਤੇ ਸਮੂਹ ਸਕੂਲ ਆਪਣਾ ਨੋਡਲ ਇੰਚਾਰਜ ਨੋਮੀਨੇਟ ਕਰਨਗੇ। ਇਸ ਅਧਿਆਪਕ /ਕਰਮਚਾਰੀ ਦੀ ਜਾਣਕਾਰੀ ਸਬੰਧਤ ਈ-ਪੰਜਾਬ ਪੋਰਟਲ ਦੇ login ਵਿਚ ਵੀ ਦਰਜ ਕੀਤੀ ਜਾਵੇਗੀ। ਆਪਣੇ ਦਫਤਰ ਜਾਂ ਸਕੂਲ ਦੇ ਸਮੂਹ ਅਮਲੇ ਦੀ ਜਾਣਕਾਰੀ ਇਸ ਪੋਰਟਲ ਉੱਤੇ ਦਰਜ ਕਰਵਾਉਣ ਦੀ ਜਿੰਮੇਵਾਰੀ ਇਸ ਨੋਡਲ ਇੰਚਾਰਜ ਦੀ ਹੋਵੇਗੀ।

3) ਇਸ ਪੋਰਟਲ ਅਧੀਨ Login ID ਅਤੇ password ਪਹਿਲਾਂ ਹੀ ਸਮੂਹ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਨੂੰ ਮੁਹਈਆ ਕਰਵਾਏ ਜਾ ਚੁੱਕੇ ਹਨ। ਜੇਕਰ ਕਿਸੇ ਦਫਤਰ ਜਾਂ ਸਕੂਲ ਨੂੰ Login ID ਅਤੇ password ਅਜੇ ਤੱਕ ਨਹੀਂ ਮਿਲਿਆ ਹੈ ਤਾਂ ਉਹ ਆਪਣੇ ਸਬੰਧਤ ਜਿਲ੍ਹੇ ਜਾਂ ਬਲਾਕ ਦੇ ਐਮ.ਆਈ.ਐਸ. ਕੋਆਰਡੀਨੇਟਰ ਨਾਲ ਸੰਪਰਕ ਕਰ ਸਕਦਾ ਹੈ।

4) ਸਮੂਹ GISTCs/DIETs, ਮੰਡਲ ਸਿੱਖਿਆ ਦਫਤਰ ਅਤੇ ਮੁੱਖ ਦਫਤਰ ਲਈ Login ID ਅਤੇ password ਡੀ.ਜੀ.ਐਸ.ਈ. ਦਫਤਰ ਦੀ ਐਮ.ਆਈ.ਐਸ. ਸ਼ਾਖਾ ਵਲੋਂ ਮੁਹਈਆ ਕਰਵਾਏ ਜਾਣਗੇ। ਇਨ੍ਹਾਂ ਦਫਤਰਾਂ ਦੇ ਸਬੰਧਤ ਨੋਡਲ ਇੰਚਾਰਜ ਮੁਖ ਦਫਤਰ ਦੀ ਐਮ.ਆਈ.ਐਸ. ਸ਼ਾਖਾ ਨਾਲ ਫੋਨ ਨੰਬਰ 0172-5212332 ਤੇ ਸੰਪਰਕ ਕਰ ਸਕਦੇ ਹਨ।

5) ਜਿਲ੍ਹਾ ਅਤੇ ਬਲਾਕ ਐਮ.ਆਈ.ਐਸ. ਕੋਆਰਡੀਨੇਟਰ ਸਮੂਹ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਨੂੰ ਲੋੜ ਅਨੁਸਾਰ ਈ-ਪੰਜਾਬ ਪੋਰਟਲ ਸਬੰਧੀ ਤਕਨੀਕੀ ਸਹਾਇਤਾ ਦੇਣਗੇ।

6) ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ. ਅਤੇ ਐ.ਸਿ.), ਪੰਜਾਬ ਨੂੰ ਲਿਖਿਆ ਜਾਂਦਾ ਹੈ ਕਿ ਉਹ ਸਕੂਲਾਂ ਤੋਂ ਇਸ ਪੋਰਟਲ ਉੱਤੇ ਦਰਜ ਹੋਣ ਵਾਲੀ ਜਾਣਕਾਰੀ ਨੂੰ ਸਹੀ ਅਤੇ ਰਿਕਾਰਡ ਅਨੁਸਾਰ ਅਪਡੇਟ ਕਰਵਾਉਣ ਸਬੰਧੀ ਸਕੂਲਾਂ ਨੂੰ ਹਦਾਇਤ ਕਰਨ।

7) ਪ੍ਰਾਇਮਰੀ ਸਕੂਲਾਂ ਦੇ ਅਧਿਆਪਕਾਂ ਨੂੰ ਪ੍ਰਫਾਰਮੇਂ ਮੁਹਈਆ ਕਰਵਾਉਣ ਦੀ ਜਿੰਮੇਵਾਰੀ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਐ.ਸਿ.) ਦੀ ਹੋਵੇਗੀ। ਇਸ ਕੰਮ ਲਈ ਉਹ ਬਲਾਕ ਪੱਧਰ ਦੇ ਅਧਿਕਾਰੀਆਂ ਦੀ ਡਿਊਟੀ ਵੀ ਲਗਾ ਸਕਦੇ ਹਨ। ਬਲਾਕ ਅਧਿਕਾਰੀ ਪ੍ਰਾਇਮਰੀ ਸਕੂਲਾਂ ਤੋਂ ਪ੍ਰਫਾਰਮੇਂ ਭਰਵਾਕੇ ਬਲਾਕ ਐਮ.ਆਈ.ਐਸ. ਕੋਆਰਡੀਨੇਟਰ ਨੂੰ ਦੇ ਦੇਣਗੇ। ਬਲਾਕ ਐਮ.ਆਈ.ਐਸ. ਕੋਆਰਡੀਨੇਟਰ ਪ੍ਰਾਇਮਰੀ ਸਕੂਲਾਂ ਅਧਿਆਪਕਾਂ ਦੇ ਇਨ੍ਹਾਂ ਪ੍ਰਫਾਰਮਿਆਂ ਨੂੰ ਮੁੱਖ ਦਫਤਰ ਦੀ ਹਦਾਇਤਾਂ ਮੁਤਾਬਿਕ ਆਨ-ਲਾਈਨ ਪੋਰਟਲ ਵਿਚ ਅਪਡੇਟ ਕਰਨਗੇ।

8) ਜਿਸ ਪ੍ਰਫਾਰਮੇ ਵਿਚ ਜਾਣਕਾਰੀ ਭਰੀ ਜਾਣੀ ਹੈ ਉਹ ਇਸ ਪੱਤਰ ਨਾਲ ਨੱਥੀ ਕੀਤਾ ਜਾਂਦਾ ਹੈ। ਇਹ ਪ੍ਰਫਾਰਮਾਂ ਹਰ ਅਧਿਆਪਕ / ਕਰਮਚਾਰੀ ਵਲੋਂ ਆਪ ਭਰਿਆ ਜਾਵੇਗਾ ਅਤੇ ਆਪਣੇ ਦਫਤਰ ਦੇ ਸਬੰਧਤ ਨੋਡਲ ਇੰਚਾਰਜ ਨੂੰ ਅਪਲੋਡ ਕਰਨ ਲਈ ਮਿਤੀ 15-05-2014 ਤੱਕ ਮੁਹਈਆ ਕਰਵਾਇਆ ਜਾਵੇਗਾ ਅਤੇ ਨੋਡਲ ਇੰਚਾਰਜ ਇਨ੍ਹਾਂ ਪ੍ਰਫਾਰਮਿਆਂ ਨੂੰ ਮਿਤੀ 20-05-2014 ਤੱਕ ਪੋਰਟਲ ਉੱਤੇ ਅਪਡੇਟ ਕਰਨਗੇ।

9) ਸਮੂਹ ਪ੍ਰਫਾਰਮੇਂ ਪੋਰਟਲ ਉੱਤੇ ਦਰਜ ਕਰਨ ਉਪਰੰਤ ਸਬੰਧਤ ਸਕੂਲ ਮੁਖੀ / ਦਫਤਰ ਦੀ ਸਬੰਧਤ ਸ਼ਾਖਾ ਦੇ ਮੁਖੀ ਤੋਂ ਤਸਦੀਕ ਕਰਵਾ ਕੇ ਸਬੰਧਤ ਸਕੂਲ / ਦਫਤਰ ਦੇ ਨੋਡਲ ਇਨਚਾਰਜ ਵਲੋਂ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਨੂੰ ਜਮ੍ਹਾਂ ਕਰਵਾਏ ਜਾਣਗੇ।

10) ਜੇਕਰ ਕਿਸੇ ਅਧਿਆਪਕ / ਕਰਮਚਾਰੀ ਵਲੋਂ ਆਪਣਾ ਪ੍ਰਫਾਰਮਾਂ ਨਹੀਂ ਭਰਿਆ ਜਾਂਦਾ ਜਾਂ ਗਲਤ ਜਾਣਕਾਰੀ ਭਰਕੇ ਅਪਲੋਡ ਕਰਵਾਈ ਜਾਂਦੀ ਹੈ ਤਾਂ ਉਸ ਖਿਲਾਫ ਸਖਤ ਅਨੁਸ਼ਾਸਨਿਕ ਕਾਰਵਾਈ ਕੀਤੀ ਜਾਵੇਗੀ।

**ਡੀ.ਪੀ.ਆਈ. (ਸੈ.ਸਿ.), ਪੰਜਾਬ**

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ :-**

1) **ਨਿਜੀ ਸਕੱਤਰ, ਸਿੱਖਿਆ ਮੰਤਰੀ-ਪੰਜਾਬ**
2) **ਨਿਜੀ ਸਕੱਤਰ, ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ,ਪੰਜਾਬ**
3) **ਸਮੂਹ ਜਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰ, ਪੰਜਾਬ**
4) **ਸਮੂਹ ਬਲਾਕ ਐਮ.ਆਈ.ਐਸ. ਕੋਆਰਡੀਨੇਟਰ, ਪੰਜਾਬ**